ਪਤਝੜ 2022

# ਇਮਪਲੌਏਅਰਜ਼ ਅਡਵਾਈਜ਼ਰ

BRITISH COLUMBIA | Employers' Advisers Office

*ਬੀ.ਸੀ. ਸਰਕਾਰ ਦੀ ਮਨਿਸਟਰੀ ਔਫ ਲੇਬਰ ਦੇ ਇਮਪਲੌਏਅਰਜ਼ ਅਡਵਾਈਜ਼ਰਜ਼ ਆਫਿਸ ਵਲੋਂ ਇਕ ਨਿਊਜ਼ਲੈਟਰ।*
*ਇਮਪਲੌਏਅਰਜ਼ ਅਡਵਾਈਜ਼ਰਜ਼ ਆਫਿਸ ਵਰਕਰਜ਼ ਕੰਪਨਸੇਸ਼ਨ ਸਿਸਟਮ ਦੇ ਸਾਰੇ ਪੱਖਾਂ ਬਾਰੇ ਸਲਾਹ, ਮਦਦ, ਨੁਮਾਇੰਦਗੀ, ਅਤੇ ਸਿੱਖਿਆ ਦੀਆਂ ਸੇਵਾਵਾਂ ਦਿੰਦਾ ਹੈ।*

## ਕੰਮ ਦੀ ਥਾਂ ’ਤੇ ਦਰਜਾ – ਪੌਲਸੀ ਵਿਚ ਤਬਦੀਲੀਆਂ – 1 ਜਨਵਰੀ, 2023 ਤੋਂ ਲਾਗੂ

ਕੰਮ ਦੀ ਥਾਂ ’ਤੇ ਦਰਜੇ (ਸਟੈਟੱਸ) ਦਾ ਮਤਲਬ ਹੈ ਕਿ ਕੀ ਕੋਈ ਵਿਅਕਤੀ ਇਮਪਲੌਏਅਰ (ਕੰਮ-ਮਾਲਕ) ਹੈ, ਵਰਕਰ ਹੈ, ਜਾਂ ਆਜ਼ਾਦ ਓਪਰੇਟਰ ਹੈ। ਪੌਲਸੀ ਵਿਚ ਇਹ ਆ ਰਹੀਆਂ ਤਬਦੀਲੀਆਂ ਇਸ ਫੈਸਲੇ ’ਤੇ ਅਸਰ ਪਾਉਣਗੀਆਂ ਕਿ ਵਰਕਰਜ਼ ਕੰਪਨਸੇਸ਼ਨ ਐਕਟ ਮੁਤਾਬਕ ਕੌਣ ਇਮਪਲੌਏਅਰ ਹੈ ਅਤੇ ਕੌਣ ਵਰਕਰ ਹੈ। ਵਿਸ਼ੇਸ਼ ਤੌਰ ’ਤੇ, ਨਵੀਂ ਪੌਲਸੀ ਨੇ ਲੇਬਰ ਕੌਨਟਰੈਕਟਰ ਦਾ ਦਰਜਾ ਖਤਮ ਕਰ ਦਿੱਤਾ ਹੈ। ਇਮਪਲੌਏਅਰਜ਼ ਅਤੇ ਇਸ ਵੇਲੇ ਲੇਬਰ ਕੌਨਟਰੈਕਟਰ ਦੇ ਦਰਜੇ ਵਾਲੇ ਕਿਸੇ ਵੀ ਵਿਅਕਤੀ ਨੂੰ ਤਬਦੀਲੀਆਂ ਬਾਰੇ ਇੱਥੇ ਜਾ ਕੇ ਆਪਣੇ ਆਪ ਨੂੰ ਜਾਣੂ ਕਰਵਾਉਣਾ ਚਾਹੀਦਾ ਹੈ: BOD Decision — 2022/07/13-02 — Determining Workplace Status | WorkSafeBC

## ਵਰਕਰ ਅਤੇ ਧੰਦਾ ਕਰਨ ਵਾਲੇ ਦੇ ਦਸਖਤਾਂ ਦੇ ਸੰਬੰਧ ਵਿਚ ਤਬਦੀਲੀਆਂ – 1 ਸਤੰਬਰ, 2022 ਤੋਂ ਲਾਗੂ

ਜੁਲਾਈ ਵਿਚ, ਵਰਕਸੇਫ ਬੀ ਸੀ ਦੇ ਬੋਰਡ ਔਫ ਡਾਇਰੈਕਟਰਜ਼ ਨੇ ਪੌਲਸੀ ਆਈਟਮਜ਼ ਨੰਬਰ 93.25, ਕੰਪਨਸੇਸ਼ਨ ਲਈ ਐਪਲੀਕੇਸ਼ਨ ਉੱਪਰ ਦਸਖਤ ਅਤੇ ਨੰਬਰ 95.10, ਰੀਹੈਬਲੀਟੇਸ਼ਨ ਸਰਵਿਸਿਜ਼ ਐਂਡ ਕਲੇਮ ਮੈਨੂਅਲ, ਵੌਲੀਅਮ II ਵਿਚ ਰਿਪੋਰਟਾਂ ਦੇ ਫਾਰਮ ਵਿਚ ਤਬਦੀਲੀਆਂ ਨੂੰ ਪ੍ਰਵਾਨਗੀ ਦਿੱਤੀ।

ਇਹ ਤਬਦੀਲੀਆਂ ਪੱਕਾ ਕਰਦੀਆਂ ਹਨ:

- ਟੈਲੀਕਲੇਮ ਅਤੇ ਔਨਲਾਈਨ ਵਰਕਰ ਐਪਲੀਕੇਸ਼ਨਾਂ, ਕੰਪਨਸੇਸ਼ਨ ਲਈ ਦਸਖਤਾਂ ਵਾਲੀ ਐਪਲੀਕੇਸ਼ਨ ਵਾਸਤੇ ਸ਼ਰਤ ਪੂਰੀ ਕਰਨਗੀਆਂ।
- ਮੈਡੀਕਲ ਰਿਪੋਰਟਾਂ ਨੂੰ ਇਲੈਕਟਰੌਨੀਕਲੀ ਦਰਜ ਕਰਵਾਉਣਾ ਅਧਿਕਾਰਤ ਮੈਡੀਕਲ ਪ੍ਰੈਕਟੀਸ਼ਨਰਾਂ ਤੋਂ ਰਿਪੋਰਟ ਕਰਨ ਦੀਆਂ ਸ਼ਰਤਾਂ ਪੂਰੀਆਂ ਕਰੇਗਾ।

## ਅਸੁਰੱਖਿਅਤ ਕੰਮ ਕਰਨ ਤੋਂ ਨਾਂਹ ਕਰਨ ਦੀ ਰੈਗੂਲੇਸ਼ਨ 3.12.1

2022 ਦੀਆਂ ਗਰਮੀਆਂ ਦਾ ਈ ਏ ਓ ਨਿਊਜ਼ਲੈਟਰ ਓ ਐੱਚ ਐੱਸ ਰੈਗੂਲੇਸ਼ਨ ਦੇ ਸੈਕਸ਼ਨ 3.12 ਵਿਚ ਕੀਤੀ ਗਈ ਨਵੀਂ ਸੋਧ ਬਾਰੇ ਦੱਸਦਾ ਹੈ। ਵਰਕਸੇਫ ਬੀ ਸੀ ਨੇ ਹੁਣ ਅਸੁਰੱਖਿਅਤ ਕੰਮ ਤੋਂ ਨਾਂਹ ਕਰਨ ਬਾਰੇ ਮੁਢਲੀ ਜਾਣਕਾਰੀ ਜਾਰੀ ਕੀਤੀ ਹੈ ਜੋ ਤਬਦੀਲੀਆਂ ਬਾਰੇ ਸਮਝਾਉਂਦੀ ਹੈ। ਇਹ ਚੈੱਕ ਕਰੋ ਅਤੇ ਪੱਕਾ ਕਰੋ ਕਿ ਤੁਸੀਂ ਇਮਪਲੌਏਅਰਜ਼ ਅਤੇ ਵਰਕਰਾਂ ਦੀਆਂ ਜ਼ਿੰਮੇਵਾਰੀਆਂ ਨੂੰ ਸਮਝਦੇ ਹੋ।

## ਪੱਠਿਆਂ ਅਤੇ ਹੱਡੀਆਂ ਦੀਆਂ ਸੱਟਾਂ (ਐੱਮ ਐੱਸ ਆਈ) ਦੇ ਖਤਰੇ ਦਾ ਅਨੁਮਾਨ ਲਾਉਣ ਲਈ ਨਵੀਂ ਗਾਈਡ

ਵਰਕਸੇਫ ਬੀ ਸੀ ਨੇ ਇਮਪਲੌਏਅਰਜ਼ ਲਈ ਇਕ ਨਵੀਂ ਐੱਮ ਐੱਸ ਆਈ ਰਿਸਕ ਅਸੈੱਸਮੈਂਟ ਗਾਈਡ ਤਿਆਰ ਕੀਤੀ ਹੈ। ਇਹ ਨਵੀਂ ਗਾਈਡ ਇਹ ਜਾਣਕਾਰੀ ਦਿੰਦੀ ਹੈ ਕਿ ਐੱਮ ਐੱਸ ਆਈ ਦੇ ਖਤਰੇ ਦਾ ਅਨੁਮਾਨ ਕਿਵੇਂ ਲਾਉਣਾ ਹੈ। ਇਹ ਗਾਈਡ ਐੱਮ ਐੱਸ ਆਈ ਦੇ ਖਤਰੇ ਦਾ ਸਹੀ ਅਨੁਮਾਨ ਲਾਉਣ ਲਈ ਲੋੜਾਂ ਅਤੇ ਖਤਰੇ ਦੇ ਉਨ੍ਹਾਂ ਪੱਖਾਂ ਬਾਰੇ ਦੱਸਦੀ ਹੈ ਜਿਹੜੇ ਇਮਪਲੌਏਅਰਜ਼ ਨੂੰ ਅਨੁਮਾਨ ਲਾਉਣ ਲਈ ਵਿਚਾਰਨ ਦੀ ਲੋੜ ਹੈ। ਨਵੀਂ ਗਾਈਡ ਦੇ ਇਕ ਸਹਾਇਕ ਵਜੋਂ, ਵਰਕਸੇਫ ਬੀ ਸੀ ਨੇ ਇਕ ਮਸਕੂਲੋਸਕੈਲੇਟਲ ਇੰਜਰੀ (ਐੱਮ ਐੱਸ ਆਈ) ਰਿਸਕ ਅਸੈੱਸਮੈਂਟ ਵਰਕਸ਼ੀਟ ਤਿਆਰ ਕੀਤੀ ਹੈ। ਮਚਕੋੜਾਂ ਅਤੇ ਖਿੱਚਾਂ ਕੰਮ ਦੀਆਂ ਕਈ ਤਰ੍ਹਾਂ ਦੀਆਂ ਸਰਗਰਮੀਆਂ ਕਾਰਨ ਪੈ ਸਕਦੀਆਂ ਹਨ ਅਤੇ ਇਹ ਵਰਕਸੇਫ ਬੀ ਸੀ ਵਲੋਂ ਪ੍ਰਵਾਨਤ ਕੀਤੀਆਂ ਜਾਂਦੀਆਂ ਸਭ ਤੋਂ ਆਮ ਸੱਟਾਂ ਹਨ। ਖਤਰਿਆਂ ਦੀ ਪਛਾਣ ਕਰਨਾ, ਖਤਰਿਆਂ ਦਾ ਅਨੁਮਾਨ ਲਾਉਣਾ, ਅਤੇ ਢੁਕਵੇਂ ਕੰਟਰੋਲ ਲਾਗੂ ਕਰਨਾ ਕੰਮ ਦੀ ਥਾਂ ਦੀਆਂ ਇਹ ਆਮ ਸੱਟਾਂ ਨੂੰ ਘਟਾਉਣ ਅਤੇ ਖਤਮ ਕਰਨ ਵਿਚ ਮਦਦ ਕਰਦਾ ਹੈ।

## ਵਰਕਸੇਫ ਬੀ ਸੀ ਕੋਲ ਰਿਪੋਰਟ ਕੀਤੀਆਂ ਜਾਣ ਵਾਲੀਆਂ ਸਭ ਤੋਂ ਉਪਰਲੀਆਂ 5 ਸੱਟਾਂ:

1. ਖਿੱਚਾਂ (ਸਟਰੇਨਜ਼)
2. ਚੁੱਕ ਪੈਣਾ
3. ਕੰਮ ’ਤੇ ਬੀਮਾਰੀ ਲੱਗਣਾ
4. ਟੱਕ ਲੱਗਣਾ
5. ਗੁੱਝੀਆਂ ਸੱਟਾਂ ਲੱਗਣਾ



ਤੁਹਾਡੇ ਕੰਮ ਦੀ ਥਾਂ ’ਤੇ ਸੱਟਾਂ ਨੂੰ ਘੱਟ ਕਰਨ ਲਈ ਕਿਸੇ ਯੋਗ ਵਿਅਕਤੀ ਨੂੰ ਕੰਮ ਦੀ ਥਾਂ ’ਤੇ ਖਤਰਿਆਂ ਦੀ ਪਛਾਣ ਕਰਨ, ਵਿਸ਼ਲੇਸ਼ਣ ਕਰਨ ਅਤੇ ਇਨ੍ਹਾਂ ਬਾਰੇ ਦੱਸਣ ਦੀ ਲੋੜ ਹੈ। ਟੀਚਾ ਉਨ੍ਹਾਂ ਫਿਕਰਾਂ, ਹਾਲਤਾਂ ਅਤੇ ਉਕਾਈਆਂ ਤੋਂ ਰੋਕਥਾਮ ਕਰਨ ਲਈ ਖਤਰਿਆਂ ਨੂੰ ਖਤਮ ਜਾਂ ਕੰਟਰੋਲ ਕਰਨਾ ਹੈ ਜਿਹੜੇ ਕੰਮ ਦੀ ਥਾਂ ’ਤੇ ਸੱਟ ਲੱਗਣ ਦਾ ਕਾਰਨ ਬਣ ਸਕਦੇ ਹਨ।

**ਇਮਪਲੌਏਅਰਜ਼ ਅਡਵਾਈਜ਼ਰਜ਼** ਕੋਲ ਵਰਕਰਾਂ ਦੀ ਕੰਪਨਸੇਸ਼ਨ ਦੇ ਸਾਰੇ ਖੇਤਰਾਂ ਵਿਚ ਮੁਹਾਰਤ ਹੈ। ਜੇ ਤੁਹਾਡੇ ਮਨ ਵਿਚ ਕਲੇਮਾਂ, ਅਸੈੱਸਮੈਂਟਾਂ ਜਾਂ ਕੰਮ ਦੀ ਥਾਂ ’ਤੇ ਸਿਹਤ ਅਤੇ ਸੇਫਟੀ ਨਾਲ ਸੰਬੰਧਿਤ ਕੋਈ ਵੀ ਸਵਾਲ ਹੋਣ ਤਾਂ ਸਾਡੇ ਟੋਲ-ਫ੍ਰੀ ਨੰਬਰ ’ਤੇ ਫੋਨ ਕਰੋ ਅਤੇ ਸਾਡੇ ਕਿਸੇ ਡਿਊਟੀ ਅਡਵਾਈਜ਼ਰ ਨਾਲ ਗੱਲ ਕਰੋ। ਅਸੀਂ ਵਰਕਸੇਫ ਬੀ ਸੀ ਤੋਂ ਆਜ਼ਾਦ ਹਾਂ, ਇਸ ਦਾ ਕੋਈ ਖਰਚਾ ਨਹੀਂ ਹੈ ਅਤੇ ਸਾਰੀਆਂ ਕਾਲਾਂ ਗੁਪਤ ਰੱਖੀਆਂ ਜਾਂਦੀਆਂ ਹਨ।

ਸਾਨੂੰ ਫੋਨ ਕਰੋ: **1-800-925-2233**
ਸਾਨੂੰ ਈਮੇਲ ਕਰੋ: EAO@eao-bc.org



**ਬੀ.ਸੀ. ਵਿਚ ਈ ਏ ਓ ਦੇ ਸਥਾਨ: ਕੈਮਲੂਪਸ; ਕਲੋਨਾ; ਲੈਂਗਲੀ; ਨਨਾਇਮੋ; ਪ੍ਰਿੰਸ ਜੌਰਜ; ਰਿਚਮੰਡ; ਟਰੇਲ; ਵਿਕਟੋਰੀਆ**
**ਫੋਨ:** 1-800-925-2233; **ਫੈਕਸ:** 1-855-664-7993; **ਵੈੱਬਸਾਈਟ**
**ਇਨਕੁਆਰੀਆਂ/ਸਬਸਕਰਾਇਬ/ਅਨਸਬਸਕਰਾਇਬ:** EAO@eao-bc.org